# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ।

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ
ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)/(ਐ.ਸਿ.)।

ਮੀਮੋ ਨੰ: 15/86-2015 ਏ.ਆਮ(1)/26407
ਮਿਤੀ: 22/1/19

**ਵਿਸ਼ਾ:-** **ਪਰਖ ਕਾਲ ਸਮੇਂ ਦੌਰਾਨ ਛੇ ਮਹੀਨੇ ਤੱਕ ਜਾਂ ਇਸਤੋਂ ਵੱਧ ਸਮੇਂ ਦੀ ਛੁੱਟੀ ਲੈਣ ਕਾਰਣ ਪਰਖਕਾਲ ਸਮਾਂ ਵਧਾਉਣ ਬਾਰੇ ਸਪੱਸ਼ਟੀਕਰਣ।**

ਵਿਭਾਗ ਨੂੰ ਇਹ ਬਹੁਤ ਸਾਰੀਆਂ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ ਕਿ ਇਸਤਰੀ ਕਰਮਚਾਰਨਾਂ ਦੇ ਪ੍ਰਸੂਤਾ ਛੁੱਟੀ ਤੇ ਜਾਣ ਤੇ ਉਨ੍ਹਾਂ ਦੇ ਨਿਰਧਾਰਿਤ (Prescribed) ਪ੍ਰੋਬੇਸ਼ਨ ਪੀਰੀਅਡ ਦੀ ਅਵਧੀ ਖਤਮ ਹੋਣ ਉਪਰੰਤ ਪਾਰ ਨਹੀਂ ਕੀਤਾ ਜਾਂਦਾ।

2. ਇਸ ਸਬੰਧੀ ਆਪ ਦਾ ਧਿਆਨ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸ਼ਰਤਾਂ ਸੇਵਾਵਾਂ) ਨਿਯਮਾਵਲੀ 1994 ਦੇ ਨਿਯਮ 7(ਡੀ) ਵੱਲ ਦਿਵਾਉਂਦੇ ਹੋਏ ਲਿਖਿਆ ਜਾਂਦਾ ਹੈ ਕਿ ਜਿਹੜੀ ਵੀ ਛੁੱਟੀ ਛੇ ਮਹੀਨੇ ਨਾਲੋਂ ਵੱਧ ਨਾ ਹੋਵੇ ਉਸ ਛੁੱਟੀ ਦਾ ਪਰਖ ਕਾਲ ਸਮਾਂ ਵਧਾਉਣ ਤੇ ਕੋਈ ਅਸਰ ਨਹੀਂ ਪੈਂਦਾ ਹੈ।

**ਉਦਾਹਰਣ ਨੰ:-1.** ਜੇ ਕਿਸੇ ਕਰਮਚਾਰੀ ਨੂੰ ਦੋ ਸਾਲ ਦੇ ਪਰਖ ਸਮੇਂ ਅਧੀਨ ਰੱਖਿਆ ਗਿਆ ਹੈ ਅਤੇ ਉਹ ਉਸ ਸਮੇਂ ਦੌਰਾਨ ਉਹ ਛੇ ਮਹੀਨੇ ਤੱਕ ਦੀ ਛੁੱਟੀ ਪ੍ਰਾਪਤ ਕਰਦਾ ਹੈ ਤਾਂ ਅਜਿਹੀ ਛੁੱਟੀ ਕਾਰਣ ਉਸ ਦੇ ਪਰਖ ਕਾਲ ਸਮੇਂ ਵਿੱਚ ਕੋਈ ਵਾਧਾ ਨਹੀਂ ਕੀਤਾ ਜਾਣਾ, ਜੇਕਰ ਉਸਦਾ ਕੰਮ-ਕਾਜ ਤਸੱਲੀਬਖਸ਼ ਹੋਵੇ।

**ਉਦਾਹਰਣ ਨੰ: 2.** ਜੇਕਰ ਕੋਈ ਕਰਮਚਾਰੀ ਪਰਖਕਾਲ ਸਮੇਂ ਦੌਰਾਨ ਨੌਂ ਮਹੀਨੇ ਤੱਕ ਦੀ ਛੁੱਟੀ ਪ੍ਰਾਪਤ ਕਰਦਾ ਹੈ ਤਾਂ ਅਜਿਹੇ ਕੇਸ ਵਿੱਚ ਕਰਮਚਾਰੀ ਦਾ ਨਿਰਧਾਰਿਤ ਪਰਖਕਾਲ ਸਮਾਂ ਕੇਵਲ ਤਿੰਨ ਮਹੀਨੇ ਲਈ ਅੱਗੇ ਵਧਾਇਆ ਜਾਣਾ ਹੈ।

**ਉਦਾਹਰਣ ਨੰ: 3.** ਜਿੱਥੇ ਕਿਸੇ ਇਸਤਰੀ ਕਰਮਚਾਰਨ ਨੇ ਇੱਕ ਸਾਲ ਨੌਂ ਮਹੀਨੇ ਦੀ ਸੇਵਾ ਪੂਰੀ ਕਰਨ ਤੇ ਪ੍ਰਸੂਤਾ ਛੁੱਟੀ ਪ੍ਰਾਪਤ ਕੀਤੀ ਹੋਵੇ ਅਤੇ ਉਹ ਕਰਮਚਾਰਨ ਦੋ ਸਾਲ ਦੇ ਪਰਖਕਾਲ ਸਮੇਂ ਅਧੀਨ ਹੋਵੇ ਤਾਂ ਅਜਿਹੇ ਕੇਸ ਵਿੱਚ ਉਸ ਦਾ ਪਰਖਕਾਲ ਸਮਾਂ ਉਸ ਦੀ ਦੋ ਸਾਲ ਦੀ ਸੇਵਾ ਤਸੱਲੀਬਖਸ਼ ਪੂਰੀ ਕਰਨ ਦੀ ਮਿਤੀ ਤੋਂ ਹੀ ਪਾਰ ਕੀਤਾ ਗਿਆ ਮੰਨਿਆ ਜਾਣਾ ਹੈ, ਭਾਵੇਂ ਅਜਿਹਾ ਕਰਮਚਾਰੀ ਛੁੱਟੀ ਤੇ ਹੀ ਕਿਉਂ ਨਾ ਹੋਵੇ। ਇਸ ਤਰ੍ਹਾਂ ਉਸ ਨੂੰ ਬਾਕੀ ਬਚਦੇ ਸਮੇਂ ਦੀ ਪ੍ਰਸੂਤਾ ਛੁੱਟੀ ਦੇ ਸਮੇਂ ਦੀ ਪੂਰੀ ਤਨਖਾਹ ਮਿਲਣਯੋਗ ਹੋਵੇਗੀ। ਇਹ ਹਦਾਇਤਾਂ ਆਪ ਅਧੀਨ ਕੰਮ ਕਰਦੇ ਸਮੂਹ ਅਧਿਕਾਰੀਆਂ / ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.)
ਪੰਜਾਬ, ਐਸ.ਏ.ਐਸ. ਨਗਰ

ਪਿੱਠ ਅੰਕਣ ਨੰ: ਉਕਤ / ਮਿਤੀ: 22/1/19

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.), ਪੰਜਾਬ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.)
ਪੰਜਾਬ, ਐਸ.ਏ.ਐਸ. ਨਗਰ